A/2111 13620/NHH

# ਪੰਜਾਬੀ ਸਾਹਿਤ (ਚੋਣਵਾਂ)

Sem-I

Time- 3hrs M.M.- 100

## ਭਾਗ -ੳ-1

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-

ੳ) ਛੱਡ ਦੇ, ਚੂੜੇ ਵਾਲੀਏ ਕੁੜੀਏ !
ਛੱਡ ਦੇ, ਸੋਨੇ-ਲੱਦੀਏ ਪਰੀਏ !
ਛੱਡ ਦੇ, ਛੱਡ ਦੇ ਮੇਰੀ ਬਾਂਹ,
ਮੈਂ ਨਹੀਂ ਰਹਿਣਾ ਤੇਰੇ ਗਿਰਾਂ।

ਅ) ਦੁੱਧ ਚਿੱਟੀਆਂ ਰਗ਼ਦਾਰ ਮਰਮਰਾਂ, ਦੇ ਗਲ ਘੱਤ ਕੇ ਬਾਂਹੀਂ,
ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ, ਸੁੱਤੀਆਂ ਬੇ-ਪਰਵਾਹੀਂ।
ਬਿਰਛਾਂ ਬੂਟਿਆਂ ਦੇ ਪਰਛਾਵੇਂ, ਨਸ਼ਿਆਂ ਨਾਲ ਗੜੂੰਦੇ,
ਘਾਹ ਦੇ ਸੁਹਲ ਸੀਨਿਆਂ ਉੱਤੇ, ਸਵਾਦ ਸਵਾਦ ਹੋ ਊਂਘੇ।

ੲ) ਲੱਗੀ ਨਜ਼ਰ ਪੰਜਾਬ ਨੂੰ
ਏਦੀ ਨਜ਼ਰ ਉਤਾਰੋ
ਲੈ ਕੇ ਮਿਰਚਾਂ ਕੌੜੀਆਂ
ਏਦੇ ਸਿਰ ਤੋਂ ਵਾਰੋ
ਸਿਰ ਤੋਂ ਵਾਰੋ, ਵਾਰ ਕੇ
ਅੱਗ ਦੇ ਵਿਚ ਸਾੜੋ,
ਲੱਗੀ ਨਜ਼ਰ ਪੰਜਾਬ ਨੂੰ
ਏਦੀ ਨਜ਼ਰ ਉਤਾਰੋ। ਅੰਕ: 5

2. ਕਿਸੇ ਇਕ ਕਵਿਤਾ ਦੇ ਵਿਸ਼ਾ-ਵਸਤੂ ਬਾਰੇ ਚਰਚਾ ਕਰੋ।
ਮਾਂ ਬੋਲੀ, ਤਾਜ ਮਹੱਲ,

ਜਾਂ

ਸਿਵ ਕੁਮਾਰ ਦੀ ਪੰਜਾਬੀ ਸਾਹਿਤ ਨੂੰ ਦੇਣ ਉੱਪਰ ਨੋਟ ਲਿਖੋ। ਅੰਕ: 10

## ਭਾਗ-ੳ-2

3. ਰੂਪ-ਧਾਰਾ ਨਾਵਲ ਦੇ ਵਿਸ਼ਾ-ਵਸਤੂ ਉੱਪਰ ਨੋਟ ਲਿਖੋ।

ਜਾਂ

ਰੂਪ-ਧਾਰਾ ਦੇ ਕਥਾਨਕ ਉੱਪਰ ਨੋਟ ਲਿਖੋ। ਅੰਕ: 10

ਭਾਗ-ਅ-1

4. ਕਿਸੇ ਇਕ ਕਾਵਿ-ਰੂਪ ਬਾਰੇ ਲਿਖੋ।
ਰੁਬਾਈ, ਗੀਤ, ਗ਼ਜ਼ਲ

ਅੰਕ: 10

ਭਾਗ-ਅ-2

5. ਕਿਸੇ ਇਕ ਦੀ ਪਰਿਭਾਸ਼ਾ ਅਤੇ ਤੱਤ ਉੱਪਰ ਨੋਟ ਲਿਖੋ।

ਨਾਵਲੈੱਟ, ਨਾਵਲ ,ਇਕਾਂਗੀ

ਅੰਕ: 10

ਭਾਗ-ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

1) ਵਿੰਡੋ ਸ਼ਾਪਿੰਗ ਦਾ ਲੇਖਕ ਕੌਣ ਹੈ।
2) ਪ੍ਰੋ: ਪੂਰਨ ਸਿੰਘ ਦੀ ਕਾਵਿਤਾ ਕਿਸ ਛੰਦ ਵਿਚ ਲਿਖੀ ਗਈ ਹੈ।
3) ਸ਼ਿਵ ਕੁਮਾਰ ਨੂੰ ਕਿਸ ਰਚਨਾ ਉੱਪਰ ਸਾਹਿਤ ਅਕਾਦਮੀ ਦਾ ਐਵਾਰਡ ਪ੍ਰਾਪਤ ਹੋਇਆ ਹੈ।
4) ਮਤਲਾ ਕੀ ਹੁੰਦਾ ਹੈ।
5) ਮਿਸਰਾ ਕਿਸ ਨੂੰ ਆਖਦੇ ਹਨ।
6) ਜਸਵੰਤ ਸਿੰਘ ਕੰਵਲ ਦੇ ਚਾਰ ਨਾਵਲਾਂ ਦੇ ਨਾਂ ਲਿਖੋ।
7) ''ਰੂਪ-ਧਾਰਾ'' ਨਾਵਲ ਦੇ ਪੰਜ ਮਰਦ ਪਾਤਰਾਂ ਦੇ ਨਾਂ ਲਿਖੋ।
8) ਕੇਸਰ ਦੇ ਪਿਤਾ ਦਾ ਨਾਂ ਕੀ ਸੀ?
9) ਕੇਸਰ ਅਤੇ ਜਗਰੂਪ ਨੇ ਆਪਣਾ ਘਰ ਕਿਉਂ ਛੱਡ ਦਿੱਤਾ।
10) ਮਾਲਣ ਦੇ ਪੇਕੇ ਕਿੱਥੇ ਸਨ?
11) ਕੇਸਰ ਕੌਣ ਸੀ?
12) ''ਰੂਪ-ਧਾਰਾ'' ਨਾਵਲ ਦੀਆਂ ਘਟਨਾਵਾਂ ਕਿਹੜੇ-ਕਿਹੜੇ ਥਾਵਾਂ ਤੇ ਵਾਪਰ ਦੀਆਂ ਹਨ?
13) ''ਰੂਪ-ਧਾਰਾ'' ਨਾਵਲ ਦੇ ਸਿਰਲੇਖ ਬਾਰੇ ਸੰਖੇਪ ਵਿਚ ਲਿਖੋ।
14) ਮਾਸਟਰ ਸ਼ਿਵ ਦੱਤ ਕਿਹੋ ਜਿਹਾ ਅਧਿਆਪਕ ਸੀ?
15) ਨਾਟਕ ਦੇ ਤੱਤਾਂ ਦੇ ਨਾਂ ਲਿਖੋ।

ਅੰਕ: 15×2=30

13620/NHH